भारतीय गैर न्यायिक

भारत

पचास रुपये रु.50 | FIFTY RUPEES Rs.50

सत्यमेव जयते

INDIA

INDIA NON JUDICIAL

**ਪੰਜਾਬ पंजाब PUNJAB** G 564146

<u>ਆਦਰਸ਼ ਐਜੂਕੇਸ਼ਨਲ ਐਂਡ ਚੈਰੀਟੇਬਲ ਟਰਸਟ ਚਮਕੌਰ ਸਾਹਿਬ ਜਿਲਾ ਰੂਪਨਗਰ ।</u>

<u>ਟਰਸਟਨਾਮਾ</u>

ਇਹ ਵਸੀਕਾ ਟਰਸਟਨਾਮਾ ਮਿਤੀ 16-9-2010 ਨੂੰ ਚਮਕੌਰ ਸਾਹਿਬ ਵਿਖੇ ਸ੍ਰੀ ਸਵਰਨ ਸਿੰਘ ਭੰਗੂ ਪੁੱਤਰ ਸਵ. ਸ. ਪ੍ਰੀਤਮ ਸਿੰਘ ਵਾਸੀ ਵਾਰਡ ਨੰਬਰ 9, ਮੋਰਿੰਡਾ ਬੇਲਾ ਮਾਰਗ, ਚਮਕੌਰ ਸਾਹਿਬ ਜਿਲਾ ਰੂਪਨਗਰ ਅਤੇ ਨਿਮਨ ਲਿਖਤ ਟਰੱਸਟੀਆਂ ਦੇ ਵਿਚਕਾਰ ਹੋਇਆ।

| ਨੰ | ਨਾਮ ਸਰਵ ਸ੍ਰੀ | ਪਤਾ | ਪਦ |
|---|---|---|---|
| 1 | ਸ. ਸਵਰਨ ਸਿੰਘ ਭੰਗੂ | ਚਮਕੌਰ ਸਾਹਿਬ (ਰੂਪਨਗਰ) | ਸਰਪ੍ਰਸਤ |
| 2 | ਸ. ਅਮਨਦੀਪ ਸਿੰਘ ਮਾਂਗਟ | ਚਮਕੌਰ ਸਾਹਿਬ (ਰੂਪਨਗਰ) | ਪ੍ਰਧਾਨ |
| 3 | ਸ. ਮਲਕੀਤ ਸਿੰਘ ਰੌਣੀ | ਪਿੰਡ ਰੌਣੀ ਖੁਰਦ (ਰੂਪਨਗਰ) | ਮੀਤ ਪ੍ਰਧਾਨ |
| 4 | ਸ. ਗੁਰਦੀਸ਼ ਸਿੰਘ | ਮਾਨੇ ਮਾਜਰਾ (ਰੂਪਨਗਰ) | ਸਕੱਤਰ |
| 5 | ਸ੍ਰੀਮਤੀ ਗੁਰਪ੍ਰੀਤ ਕੌਰ | ਚਮਕੌਰ ਸਾਹਿਬ (ਰੂਪਨਗਰ) | ਉਪ ਸਕੱਤਰ |
| 6 | ਸ. ਬਲਵਿੰਦਰ ਸਿੰਘ | ਪਿੰਡ ਹਵਾਰਾ ਕਲਾਂ (ਫਤਿਹਗੜ ਸਾਹਿਬ) | ਖਜਾਨਚੀ |
| 7 | ਸ੍ਰੀਮਤੀ ਸਰਬਜੀਤ ਕੌਰ | ਮਾਨੇ ਮਾਜਰਾ (ਰੂਪਨਗਰ) | ਮੈਂਬਰ |
| 8 | ਡਾ. ਗਗਨਦੀਪ ਸਿੰਘ ਸੇਰਗਿੱਲ | ਸਿਹਤ ਅਫਸਰ, ਡਿਸਪੈਂਸਰੀ, ਅਮਰਾਲੀ (ਰੂਪਨਗਰ) | ਮੈਂਬਰ |
| 9 | ਅਨਿਲ ਕੁਮਾਰ | ਚਮਕੌਰ ਸਾਹਿਬ(ਰੂਪਨਗਰ) | ਮੈਂਬਰ |
| 10 | ਅਮਰਬੀਰ | ਐਡੀਲੇਡ, ਆਸਟ੍ਰੇਲੀਆ | ਮੈਂਬਰ |
| 11 | ਪੂਨਮਦੀਪ ਕੌਰ | ਐਡੀਲੇਡ, ਆਸਟ੍ਰੇਲੀਆ | ਮੈਂਬਰ |
| 12 | ਸ. ਧਰਮ ਸਿੰਘ ਕੰਗ | ਪਿੰਡ ਸਲੇਮ ਪੁਰ (ਰੂਪਨਗਰ) | ਮੈਂਬਰ |
| 13 | ਸ. ਚਰਨਜੀਤ ਸਿੰਘ | ਪਿੰਡ ਢੰਡੇ (ਲੁਧਿਆਣਾ) | ਮੈਂਬਰ |

ਉਪਰੋਕਤ ਵਿਅਕਤੀ ਦੂਜੀ ਧਿਰ ਵੱਲੋ ਬਤੌਰ ਟਰਸਟੀ ਹੋਣਗੇ ।

ਜਦ ਕਿ ਸ੍ਰੀ ਸਵਰਨ ਸਿੰਘ ਭੰਗੂ ਪੁੱਤਰ ਸਵ. ਸ. ਪ੍ਰੀਤਮ ਸਿੰਘ ਦੀ ਇਹ ਆਦਰਸ਼ ਐਜੂਕੇਸਨਲ ਐਂਡ ਚੈਰੀਟੇਬਲ ਟਰੱਸਟ ਬਣਾਉਣ ਦੀ ਇੱਛਾ ਹੈ ਅਤੇ ਇਸ ਟਰਸਟ ਦੇ ਹੇਠ ਲਿਖੇ ਉਦੇਸ ਹੋਣਗੇ।

Swarn Singh Bhangu

भारतीय गैर न्यायिक

भारत

पचास रुपये

रु.50

FIFTY RUPEES

Rs.50

सत्यमेव जयते

INDIA

INDIA NON JUDICIAL

ਪੰਜਾਬ पंजाब PUNJAB

G 564156

1) ਗਰੀਬ ਅਤੇ ਉਤਮ ਵਿਦਿਆਰਥੀਆਂ ਦੀ ਸਹਾਇਤਾ ।

2) ਸਕੂਲ ਨਾਲ ਸਬੰਧਤ ਵਿਦਿਆਰਥਣਾਂ ਅਤੇ ਅਧਿਆਪਕਾਵਾਂ ਲਈ ਤਹਿ ਹੋਏ ਨਿਯਮਾਂ ਅਨੁਸਾਰ ਰਿਹਾਇਸ਼ੀ ਸਹੂਲਤਾਂ ।

3) ਯੋਗ ਲੋਕਾਂ ਜਾ ਵਿਭਾਗਾਂ ਨੂੰ ਕਿਰਾਏ ਤੇ ਕਮਰੇ ਦੇਣੇ ।

4) ਕਲਾਕਾਰਾਂ ਦੀ ਰਿਹਾਇਸ਼ ਖਾਧ-ਖੁਰਾਕ ਦਾ ਪ੍ਰਬੰਧ ।

5) ਜਨਤਕ ਹਿਤਾਂ ਲਈ ਖੂਨ-ਦਾਨ ਕੈਂਪ, ਨਸ਼ਾ ਵਿਰੋਧੀ ਕੈਂਪ, ਸਿਹਤ ਸਬੰਧਤ ਕੈਂਪ ਅਤੇ ਸਮਾਜਿਕ ਜਾਗਰੂਕਤਾ ਹਿੱਤ ਵਰਕਸ਼ਾਪਾਂ/ਵਿਚਾਰ - ਗੋਸਟੀਆਂ ਦਾ ਪ੍ਰਬੰਧ ਆਦਿ ।

6) ਜਨਤਕ ਹਿਤਾਂ ਲਈ ਹੋਰ ਸਮਜ ਸੇਵੀ ਸੰਸਥਾਵਾਂ ਨੂੰ 1 ਤੋਂ ਲੈ ਕੇ 5 ਦਿਨਾਂ ਤੱਕ ਜਾਇਦਾਦ ਦੀ ਵਰਤੋਂ ਕਰਨ ਦੀ ਆਗਿਆ ਦੇਣਾ ਅਤੇ ਕਿਰਾਇਆ ਤਹਿ ਕਰਨਾ ।

7) ਵਿਦਿਆਰਥੀਆਂ ਦੀ ਅਗਵਾਈ ਲਈ ਕੋਚਿੰਗ ਕੇਂਦਰ ਖੋਲਣਾ ।

8) ਵਧਦੇ ਘੇਰੇ ਕਾਰਨ ਲੁੜੀਦੀ ਹੋਰ ਜਗਾ ਪ੍ਰਾਪਤ ਕਰਨਾ

9) ਸੰਗੀਤ-ਸਿੱਖਿਆ ਕੇਂਦਰ ਖੋਲਣਾ ਅਤੇ ਪੁਰਾਤਨ ਸੱਭਿਆਚਾਰ ਦੇ ਅਧਾਰਤ ਅਜਾਇਬ ਘਰ ਸਥਾਪਤ ਕਰਨਾ ।

10) ਪੇਂਡੂ ਇਲਾਕੇ ਵਿੱਚ ਹਸਪਤਾਲ ਅਤੇ ਮੈਡੀਕਲ ਕਾਲਜ ਸਥਾਪਤ ਕਰਨਾ ।

11) ਚਮਕੌਰ ਸਾਹਿਬ ਅਤੇ ਦੁਆਲੇ ਦੇ ਇਲਾਕੇ ਵਿਚ ਸਕੂਲ,ਇੰਜਨੀਅਰਿੰਗ ਜਾ ਹੋਰ ਡਿਗਰੀ ਕਾਲਜ ਖੋਲ੍ਹਣਾ ।

12) ਸਮਾਜ ਵੱਲੋ ਨਜ਼ਰ-ਅੰਦਾਜ਼ ਕੀਤੇ ਗਏ ਗੁਰਬਤ ਮਾਰੇ ਲੋਕਾਂ ਦੇ ਬੱਚਿਆਂ ਲਈ ਸਕੂਲ ਖੋਲਣਾ

13) ਕੁਦਰਤੀ ਆਫਤਾਂ ਸਮੇ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰਨਾ ।

14) ਸੰਸਥਾ ਦੀ ਚਮਕੌਰ ਸਾਹਿਬ ਦੀ ਜਾਇਦਾਦ ਹੱਦ ਬਸਤ ਨੰਬਰ 151 ਖਸਰਾ ਨੰਬਰ 67/23/2 ਵਿਚ ਸਮਾਜਕ ਜਾਗਰੂਕਤਾ ਹਿੱਤ ਨਾਟਕ ਮੰਚਣ ਅਤੇ ਜਾਗਰੂਕਤਾ ਹਿਤ ਸਮਾਜਿਕ ਸਮਾਗਮਾਂ ਲਈ ਆਡੀਟੋਰੀਅਮ ਦੀ ਸਥਾਪਤਾ ਕਰਨਾ ।

15) ਸਮੇਂ ਸਮੇਂ ਉੱਤੇ ਜਾਗਰੂਕਤਾ ਹਿਤ ਨਾਟਕ ਮੇਲੇ ਕਰਵਾਉਣੇ ।

16) ਸਮੇਂ ਸਮੇਂ ਉੱਤੇ ਉੱਤਮ ਵਿਦਿਆਰਥੀਆਂ, ਅਧਿਆਪਕਾਂ ਅਤੇ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲਿਆਂ ਦਾ ਮਾਨ-ਸਨਮਾਨ ਕਰਨਾ ।

17) ਉੱਤਮ ਵਿਦਿਆਰਥੀਆਂ ਦੀ ਸਹਾਇਤਾ ਲਈ ਦਾਨੀਆਂ ਕੋਲੋਂ ਦਾਨ ਇੱਕਤਰ ਕਰਨਾ

18) ਉਚੇਰੀ ਸਿੱਖਿਆ ਲਈ ਵਿਦਿਆਰਥੀਆਂ ਅਤੇ ਉਹਨਾ ਦੇ ਮਾਪਿਆ ਨਾਲ ਇਕਰਾਰ ਨਾਮੇ ।

19) ਗਰੀਬੀ ਰੇਖਾ ਤੋ ਥੱਲੇ ਵਸਦੇ ਲੋਕਾਂ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਨੇ ।

20) ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਸੁਚੇਤ ਕਰਨਾ ਅਤੇ ਉਹਨਾ ਨੂੰ ਰਚਨਾਤਮਿਕ ਕਾਰਜਾਂ ਲਈ ਪ੍ਰੇਰਿਤ ਕਰਨਾ ।

21) ਸਮਾਜਿਕ ਜਾਗਰੂਕਤਾਂ ਹਿੱਤ ਰੈਲੀਆਂ ਕੱਢਣਾ।

Swarn Singh Bhangu

Scanned with CamScanner

ਬ੍ਰਮਲ ਲੜੀ ਨੰ: 2098 ਮਿਤੀ 14/9/2010

ਰਜਿੰਦਰ ਕੁਮਾਰ ਸਟਾਮ ਫਰੋਸ਼
ਚਮਕੌਰ ਸਾਹਿਬ

**TRUST**

ਅੱਜ ਮਿਤੀ **14/9/2010** ਦਿਨ **Tuesday** ਵਕਤ **2:11:24 PM**

ਨੂੰ ਸ੍ਰੀ ਸਵਰਨ ਸਿੰਘ ਭੰਗੂ

ਨੇ ਵਸੀਕਾ ਇਸ ਦਫ਼ਤਰ ਵਿੱਚ ਰਜਿਸਟਰਡ ਕਰਨ ਲਈ ਪੇਸ਼ ਕੀਤਾ।



ਸਵਰਨ ਸਿੰਘ ਭੰਗੂ

Swarn Singh Bhangu

ਸਬ ਰਜਿਸਟਰਾਰ
ਚਮਕੌਰ ਸਾਹਿਬ

ਸ੍ਰੀ ਸਵਰਨ ਸਿੰਘ ਭੰਗੂ

ਨੂੰ ਵਸੀਕੇ ਦੀ ਲਿਖਤ ਪੜਕੇ ਸੁਣਾਈ ਗਈ ,ਜਿਸਨੇ ਲਿਖਤ ਨੂੰ ਸੁਣਕੇ,
ਸਮਝਕੇ ਠੀਕ ਪ੍ਰਵਾਨ ਕੀਤਾ। ਦੀ ਕੁਲ ਰਕਮ ਵਿਚੋਂ
ਰੁ: ਮੇਰੇ ਸਾਹਮਣੇ ਨਕਦ/ ਚੈਕ ਰਾਹੀ /ਡਰਾਫਟ ਰਾਹੀਂ ਵਸੂਲ ਕੀਤੇ ।ਦੋਹਾਂ ਧਿਰਾਂ ਦੀ ਗਵਾਹ ਨੰ:
ਗੁਰਮੀਤ ਕੌਰ ਨੰਬਰਦਾਰ ਅਤੇ ਗਵਾਹ ਨੰ: 2 ਤੀਰਥ ਰਾਮ
ਸਨਾਖਤ ਕਰਦੇ ਹਨ । ਮੈ ਪਹਿਲੇ ਗਵਾਹ ਨੂੰ ਜਾਣਦਾ ਹਾਂ ,ਜੋ ਕਿ ਦੂਸਰੇ ਗਵਾਹ ਨੂੰ ਜਾਣਦਾ ਹੈ ।
ਲਿਹਾਜਾ ਵਸੀਕਾ ਰਜਿਸਟਰਡ ਕੀਤਾ ਜਾਵੇ ।

ਮਿਤੀ **14/9/2010**

ਸਬ ਰਜਿਸਟਰਾਰ
ਚਮਕੌਰ ਸਾਹਿਬ

ਗਵਾਹ
1......................

ਗਵਾਹ
2......................

ਪਹਿਲੀ ਧਿਰ

Swarn Singh Bhangu

ਦੂਜੀ ਧਿਰ

ਉਕਤ ਨਿਸ਼ਾਨ ਅੰਗੂਠਾ ਅਤੇ ਦਸਤਖਤ ਮੇਰੇ ਰੁਬਰੂ ਕੀਤੇ ਗਏ।

ਮਿਤੀ **14/9/2010**

ਸਬ ਰਜਿਸਟਰਾਰ
ਚਮਕੌਰ ਸਾਹਿਬ

ਵਸੀਕਾ ਨੰ: 52 ਜਾਇਦ ਬਹੀ 4
ਜਿਲਦ ਨੰ: 0 ਦੇ ਸਫਾ ਨੰ: 0
ਪਰ ਵਸੀਕਾ ਰਜਿਸਟਰਡ ਚਸਪਾ ਕੀਤਾ ਗਿਆ।

ਸਬ ਰਜਿਸਟਰਾਰ
ਚਮਕੌਰ ਸਾਹਿਬ

ਟਰਸਟ ਵਲੋ ਅਮਨਦੀਪ ਸਿੰਘ

Scanned with CamScanner

22) ਲੜਕੀਆਂ ਲਈ ਡਿਗਰੀ ਕਾਲਜ ਦੀ ਸਥਾਪਨਾ ਕਰਨਾ ।

23) ਬਿਮਾਰੀ ਜਾਂ ਹਾਦਸੇ ਦੀ ਸੂਰਤ ਵਿਚ ਗਰੀਬ ਪਰਿਵਾਰਾਂ ਦੇ ਪੜ੍ਹ ਰਹੇ ਨੌਜਵਾਨ ਲੜਕੇ/ਲੜਕੀਆਂ ਦਾ ਇਲਾਜ ਕਰਵਾਉਣਾ ।

24) ਜਨਤਕ ਹਿਤਾਂ ਲਈ ਕਿਤਾਬਾਂ, ਰਸਾਲੇ, ਪੰਫਲੈਂਟ ਆਦਿ ਛਾਪਣੇ ਅਤੇ ਵੰਡਣੇ ਅਤੇ ਜਨ ਹਿਤ ਵਿਚ ਬੋਰਡ ਲਾਉਣੇ ।

25) ਫਿਰਕੂ ਸ਼ਦਭਾਵਨਾ ਬਣਾਈ ਰੱਖਣ ਲਈ ਹਰ ਸੰਭਵ ਯਤਨ ਕਰਨੇ ।

## ਆਦਰਸ਼ ਐਜੂਕੇਸ਼ਨਲ ਐਂਡ ਚੈਰੀਟੇਬਲ ਟਰਸਟ ਦੇ ਨਿਯਮ

1) ਟਰਸਟ ਦੀ ਮਾਸਿਕ ਮੀਟਿੰਗ ਹਰ ਮਹੀਨੇ ਦੇ ਆਖਰੀ ਹਫਤੇ ਦੇ ਦਿਨ ਸ਼ਨੀਵਾਰ ਨੂੰ ਸ਼ਾਮ 4 ਵਜੇ ਹੋਇਆ ਕਰੇਗੀ । ਜ਼ਰੂਰੀ ਕੰਮ ਪੈਣ ਤੇ ਮੀਟਿੰਗ ਕਦੇ ਵੀ ਬੁਲਾਈ ਜਾ ਸਕਦੀ ਹੈ ।

2) ਐਮਰਜੈਂਸੀ ਹਾਲਤਾਂ ਵਿਚ ਪ੍ਰਧਾਨ, ਸੈਕਟਰੀ ਅਤੇ ਖਜਾਨਚੀ ਅਤੇ ਦੋ ਹੋਰ ਕਾਰਜਕਾਰਨੀ ਮੈਂਬਰ ਟਰਸਟ ਅਤੇ ਜਨਤਕ ਹਿੱਤ ਵਿੱਚ ਫੈਸਲਾ ਲੈ ਸਕਦੇ ਹਨ ।

3) ਕਾਰਜਕਾਰਨੀ ਦੀ ਮਿਆਦ 2 ਸਾਲ ਹੋਵੇਗੀ, ਉਪਰੰਤ ਸਮੁੱਚੇ ਹਾਊਸ ਦੀ ਮੀਟਿੰਗ ਅਤੇ ਬਹੁ ਗਿਣਤੀ ਦੇ ਫੈਸਲੇ ਅਨੁਸਾਰ ਨਵੀਂ-ਕਾਜਰਕਾਰਨੀ ਹੋਂਦ ਵਿਚ ਆਵੇਗੀ ।

4) ਟਰਸਟ ਦਾ ਖਾਤਾ ਪ੍ਰਧਾਨ, ਸੈਕਟਰੀ ਅਤੇ ਖਜਾਨਚੀ ਦੇ ਨਾਮ ਖੁਲਵਾਇਆ ਜਾਵੇਗਾ, ਪੈਸੇ ਕਢਵਾਉਣ ਸਮੇਂ ਪ੍ਰਧਾਨ ਦੇ ਦਸਤਖਤ ਜ਼ਰੂਰੀ ਹੋਣਗੇ ਜਦੋਂ ਕਿ ਬਾਕੀ ਦੋ ਵਿੱਚੋਂ ਕਿਸੇ ਇੱਕ ਦੇ ਦਸਤਖਤ ਜ਼ਰੂਰੀ ਹੋਣਗੇ ।

5) ਕਾਰਜਕਾਰਨੀ ਖਰਚ ਅਤੇ ਆਮਦਨ ਦਾ ਬਕਾਇਦਾ ਹਿਸਾਬ ਰੱਖੇਗੀ ਅਤੇ ਹਰ ਸਮੇਂ ਇਸ ਸਬੰਧੀ ਜਵਾਬ-ਦੇਹ ਬਣੀ ਰਹੇਗੀ ।

6) ਇਹ ਕਿ ਇੱਕ ਅਪ੍ਰੈਲ ਤੋ ਲੈ ਕੇ 31 ਮਾਰਚ ਤੱਕ ਨੂੰ ਚਾਲੂ ਮਾਲੀ ਸਾਲ ਮੰਨਿਆ ਜਾਵੇਗਾ, ਕਾਰਜਕਾਰਨੀ ਸਲਾਨਾ ਮੀਟਿੰਗ ਵਿਚ ਸਮੁਚੇ ਖਰਚਿਆ ਦੀ ਵਿਆਖਿਆ ਕਰੇਗੀ ਅਤੇ ਆਮਦਨ ਬਾਰੇ ਦੱਸੇਗੀ, ਆਮਦਨ ਦੇ ਸੋਮਿਆਂ ਬਾਰੇ ਸੁਝਾਏਗੀ ।

7) ਇਹ ਟਰਸਟ, ਕਿਸੇ ਵੀ ਵਿਅਕਤੀ ਵਿੱਤੀ ਸੰਸਥਾ,ਬੈਂਕ, ਸਰਕਾਰ ਆਦਿ ਪਾਸੋਂ ਕਰਜਾ/ ਗਰਾਂਟ ਪ੍ਰਾਪਤ ਕਰ ਸਕਦਾ ਹੈ/ਦੇ ਸਕਦਾ ਹੈ ।

8) ਟਰੱਸਟ ਦੀ ਇਸ ਜਾਇਦਾਦ ਨੂੰ ਜਿਸ ਉਤੇ 2 ਮੰਜਲਾਂ ਬਣੀਆਂ ਹੋਈਆਂ ਹਨ ਨੂੰ ਟਰਸਟ ਦੇ ਗਠਨ ਉਪਰੰਤ ਆਦਰਸ਼-ਭਵਨ ਵਜੋਂ ਜਾਣਿਆਂ ਜਾਵੇਗਾ ।

9) ਟਰਸਟ ਦਾ ਦਫਤਰ ਆਦਰਸ਼-ਭਵਨ ਚਮਕੌਰ ਸਾਹਿਬ ਵਿਖੇ ਹੋਵੇਗਾ ।

10) ਸਮੇਂ ਸਮੇਂ ਉਤੇ ਪਾਏ ਗਏ ਟਰਸਟ ਦੇ ਮਤੇ ਅਤੇ ਇਸ ਦੇ ਉਦੇਸ਼ਾਂ ਅਤੇ ਨਿਯਮਾਂ ਵਿਚ ਵਾਧਾ ਕਰਦੇ ਰਹਿਣਗੇ ।

<u>ਕਾਜਕਾਰਨੀ ਦੇ ਆਹੁਦੇ</u>- ਟਰਸਟ ਦੇ ਕੁੱਲ ਸਥਾਈ 13 ਮੈਂਬਰਾਂ ਵਿਚੋ ਆਹੁਦੇ ਅਨੁਸਾਰ ਹੇਠ ਲਿਖੇ 7 ਮੈਂਬਰ ਕਾਰਜਕਾਰਨੀ ਵਿਚ ਸ਼ਾਮਲ ਹੋਣਗੇ ।

1) ਸਰਪ੍ਰਸਤ
2) ਪ੍ਰਧਾਨ
3) ਮੀਤ ਪ੍ਰਧਾਨ
4) ਜਨਰਲ ਸਕੱਤਰ
5) ਸਹਾਇਕ ਸਕੱਤਰ
6) ਵਿੱਤ ਸਕੱਤਰ
7) ਕੋਈ ਮੈਂਬਰ

## ਕਾਰਜਕਾਰਨੀ ਆਹੁਦੇਦਾਰਾਂ ਦੇ ਕੰਮ ਅਤੇ ਫਰਜ

<u>ਸਰਪ੍ਰਸਤ ਦੇ ਅਧਿਕਾਰ</u>

ਨਿੱਜ ਸਵਾਰਥ ਦੇ ਇਸ ਸਮੇ ਵਿਚ ਅਪਣੀ ਕੀਮਤੀ ਜਾਇਦਾਦ ਨੂੰ ਸਮਾਜਿਕ ਹਿਤਾਂ ਲਈ ਸਮਰਪਿਤ ਕਰ ਦੇਣਾ ਵੱਡੀ ਗੱਲ ਹੈ । ਇਸ ਵਡਮੁੱਲੇ ਫੈਸਲੇ ਉਪਰੰਤ ਮਾਣ ਵਜੋ ਸ. ਸਵਰਨ ਸਿੰਘ ਭੰਗੂ ਆਪਣੇ ਸਮੁੱਚੇ ਜੀਵਨ ਕਾਲ ਦੌਰਾਨ ਆਦਰਸ਼ ਐਜੂਕੇਸਨਲ ਐਂਡ ਚੈਰੀਟੇਬਲ ਟਰੱਸਟ ਚਮਕੌਰ ਸਾਹਿਬ ਦੇ ਸਰਪ੍ਰਸਤ ਬਣੇ ਰਹਿਣਗੇ ।

ਵਿਸ਼ੇਸ਼-ਆਦਰਸ਼ ਐਜੂਕੇਸਨਲ ਐਂਡ ਚੈਰੀਟੇਬਲ ਟਰੱਸਟ ਚਮਕੌਰ ਸਾਹਿਬ ਦੇ ਸੰਸਥਾਪਕ ਸ. ਸਵਰਨ ਸਿੰਘ ਭੰਗੂ ਅਤੇ ਉਹਨਾਂ ਦੀ ਪਤਨੀ ਸ੍ਰੀਮਤੀ ਗੁਰਪ੍ਰੀਤ ਕੌਰ ਭੰਗੂ ਜੀਵਨ ਭਰ ਜਾਂ ਸਵੈ-ਇੱਛਾ ਦੀ ਹੱਦ ਤੱਕ ਆਦਰਸ਼-ਭਵਨ ਵਿਚ ਰਹਿ ਸਕਣਗੇ ।

Swarn Singh Bhangu

Scanned with CamScanner

## ਸਰਪ੍ਰਸਤ ਦੀਆਂ ਸ਼ਕਤੀਆਂ

1) ਜੇਕਰ ਆਦਰਸ਼ ਐਜੂਕੇਸ਼ਨਲ ਐਂਡ ਚੈਰੀਟੇਬਲ ਟਰਸਟ ਚਮਕੌਰ ਸਾਹਿਬ ਦੀ ਕਾਰਜਕਾਰਨੀ ਅਤੇ ਟਰਸਟ ਮੈਂਬਰ, ਟਰਸਟ ਦੇ ਉਦੇਸ਼ਾਂ ਉਤੇ ਪਹਿਰੇਦਾਰੀ ਨਾ ਕਰਨ, ਉਦੇਸ਼ਾਂ ਦੀ ਪੂਰਤੀ ਲਈ ਸਰਗਰਮੀ ਨਾਲ ਕੰਮ ਨਾ ਕਰਨ ਜਾਂ ਆਪਸੀ ਝਗੜਿਆਂ ਵਿਚ ਉਲਝ ਕੇ ਰਹਿ ਜਾਣ ਤਾਂ ਸਰਪ੍ਰਸਤ ਨੂੰ ਸਮੁੱਚੇ ਟਰੱਸਟ ਨੂੰ ਭੰਗ ਕਰਕੇ ਨਵੇਂ ਸਿਰਿਓਂ ਟਰਸਟ ਮੈਂਬਰ ਨਾਮਜਦ ਕਰਨ ਦਾ ਅਧਿਕਾਰ ਹੋਵੇਗਾ ।

2) ਟਰਸਟ ਦੀ ਬਿਹਤਰੀ ਲਈ ਟਰਸਟ ਮੈਂਬਰ ਸਰਪ੍ਰਸਤ ਦੇ ਦਿਸ਼ਾ ਨਿਰਦੇਸ਼ ਮੰਨਣ ਲਈ ਪਾਬੰਧ ਰਹਿਣਗੇ ।

3) ਲੋੜ ਪੈਣ ਉਤੇ ਉਹ ਕਿਸੇ ਵੀ ਜਨਤਕ ਸਮਾਗਮ ਵਿਚ ਟਰਸਟ ਦੇ ਨੁਮਾਇਦੇ ਦੇ ਤੌਰ ਉਤੇ ਸ਼ਾਮਲ ਹੋ ਸਕਦਾ ਹੈ ।

4) ਟਰਸਟ ਦੇ ਵਿੱਤ ਅਨੁਸਾਰ ਲੋੜਵੰਦਾਂ ਲਈ ਗਰਾਂਟ ਦਾ ਐਲਾਨ ਕਰ ਸਕਦਾ ਹੈ ।

## ਪ੍ਰਧਾਨ ਦੇ ਕੰਮ ਅਤੇ ਫਰਜ

ਆਦਰਸ਼ ਐਜੂਕੇਸ਼ਨਲ ਐਂਡ ਚੈਰੀਟੇਬਲ ਟਰਸਟ ਚਮਕੌਰ ਸਾਹਿਬ ਦਾ ਪ੍ਰਧਾਨ ਸਮੁੱਚੇ ਟਰਸਟ ਦੀ ਅਗਵਾਈ ਕਰੇਗਾ ਅਤੇ ਕਾਜਰਕਾਰਨੀ ਦਾ ਆਗੂ ਹੋਵੇਗਾ ।

1) ਪ੍ਰਧਾਨ ਹਰ ਮੀਟਿੰਗ ਦੀ ਪ੍ਰਧਾਨਗੀ ਕਰੇਗਾ ਅਤੇ ਮੀਟਿੰਗ ਤੋਂ ਪਹਿਲਾਂ ਟਰਸਟ ਦੇ ਜਨਰਲ ਸਕੱਤਰ ਅਤੇ ਵਿੱਤ ਸਕੱਤਰ ਨਾਲ ਸਲਾਹ ਕਰਕੇ ਮੀਟਿੰਗ ਦਾ ਏਜੰਡਾ ਤਹਿ ਕਰਕੇ, ਜਨਰਲ ਸਕੱਤਰ ਨੂੰ ਨਿਰਧਾਰਿਤ ਸਮੇ ਅਤੇ ਸਥਾਨ ਉਤੇ ਮੀਟਿੰਗ ਰੱਖਣ ਦੇ ਆਦੇਸ਼ ਦੇਵੇਗਾ।

2) ਕਿਉਂਕਿ ਕਿਸੇ ਸਵਾਰਥ-ਰਹਿਤ ਸੰਸਥਾ ਦਾ ਇਹ ਮਾਣ-ਮੱਤਾ ਆਹੁਦਾ ਹੈ ਜਿਸ ਕਾਰਨ ਪ੍ਰਧਾਨ ਜੀ ਨੂੰ ਸਮਾਜ ਵਿੱਚ ਅਪਣੇ ਵਧੀਆ ਵਿਅਕਤੀਤਵ ਉਤੇ ਪਹਿਰੇਦਾਰੀ ਕਰਨੀ ਹੋਵੇਗੀ।

3) ਪ੍ਰਧਾਨ, ਅਪਣੀ ਵਿਵੇਕ-ਬੁੱਧੀ ਨਾਲ ਅਤੇ ਟਰਸਟ ਦੇ ਵਿੱਤ ਤੇ ਉਦੇਸ਼ ਅਨੁਸਾਰ ਭਵਿੱਖ ਦੇ ਪ੍ਰੋਗਰਾਮ ਮਿਥੇਗਾ।

4) ਪ੍ਰਧਾਨ, ਟਰਸਟ ਵੱਲੋ ਜਾਰੀ ਹਰ ਕਿਸਮ ਦੇ ਚਿੱਠੀ-ਪੱਤਰਾਂ ਉਤੇ ਦਸਤਖਤ ਕਰੇਗਾ।

5) ਟਰਸਟ ਦੇ ਉਦੇਸ਼ ਦੀ ਪੂਰਤੀ ਲਈ ਸਬੰਧਿਤ ਸਮਾਗਮਾਂ ਵਿੱਚ ਉਹ ਟਰਸਟ ਦੇ ਨੁਮਾਇਦੇ ਦੇ ਤੌਰ ਉਤੇ ਸ਼ਾਮਿਲ ਹੋਵੇਗਾ।

## ਮੀਤ ਪ੍ਰਧਾਨ

ਪ੍ਰਧਾਨ ਦੀ ਗੈਰ-ਹਾਜ਼ਰੀ ਵਿੱਚ, ਮੀਤ ਪ੍ਰਧਾਨ ਜੀ, ਪ੍ਰਧਾਨ ਦੇ ਸਮੁੱਚੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਟਰਸਟ ਦੀ ਅਗਵਾਈ ਕਰੇਗਾ। ਉਹ ਪ੍ਰਧਾਨ ਨੂੰ ਹਰ ਕਿਸਮ ਦਾ ਸਹਿਯੋਗ ਦੇਵੇਗਾ।

## ਜਨਰਲ ਸਕੱਤਰ ਦੇ ਕੰਮ

1) ਜਨਰਲ ਸਕੱਤਰ ਪ੍ਰਧਾਨ ਜੀ ਦਾ ਏਜੰਡਾ ਤਹਿ ਕਰਨ ਅਤੇ ਮੀਟਿੰਗ ਬੁਲਾਉਣ ਵਿੱਚ ਸਹਾਇਤਾ ਕਰੇਗਾ।

2) ਉਹ ਮੀਟਿੰਗ ਦੀ ਕਾਰਵਾਈ ਨੋਟ ਕਰੇਗਾ।

3) ਉਹ ਟਰਸਟ ਦਾ ਸਾਰਾ ਰਿਕਾਰਡ ਸਾਂਭ ਕੇ ਰੱਖੇਗਾ।

## ਵਿੱਤ ਸਕੱਤਰ ਦੇ ਕੰਮ:

1) ਵਿੱਤ ਸਕੱਤਰ ਪਾਰਦਰਸ਼ਤਾ ਦੀ ਹੱਦ ਤੱਕ ਟਰੱਸਟ ਦੇ ਸਾਰੇ ਲੈਣ-ਦੇਣ ਦਾ ਹਿਸਾਬ ਰੱਖੇਗਾ।

2) ਉਹ ਜਨਰਲ ਇਜਲਾਸ ਵਿੱਚ ਬੀਤੇ ਦੀ ਆਮਦਨ/ਖਰਚ ਦਾ ਹਿਸਾਬ ਦੇਵੇਗਾ।

## ਕਾਰਜਕਾਰਨੀ ਦੇ ਅਧਿਕਾਰ

1) ਟਰਸਟ ਦੀ ਆਮਦਨ ਵਿੱਚੋਂ, ਸੰਸਥਾ ਦੇ ਉਦੇਸ਼ਾਂ ਦੀ ਪੂਰਤੀ ਲਈ ਖਰਚ ਕਰ ਸਕੇਗੀ।

2) ਸਥਾਈ ਮੈਂਬਰਾਂ ਵਿੱਚੋਂ ਕਿਸੇ ਦੀ ਕੁਦਰਤੀ ਜਾਂ ਗੈਰ ਕੁਦਰਤੀ ਢੰਗ ਨਾਲ ਮੌਤ ਹੋ ਜਾਣ ਦੀ ਸੂਰਤ ਵਿੱਚ, ਮੈਂਬਰ ਪੂਰਤੀ ਲਈ ਨਵੇਂ ਮੈਂਬਰ ਦੀ ਸਿਫਾਰਸ਼ ਕਰੇਗੀ ਜਦੋਂ ਕਿ ਨਾਮਜਦਗੀ ਪੂਰੇ ਹਾਊਸ ਦੀ ਬਹੁਸੰਮਤੀ ਉਪਰੰਤ ਹੀ ਹੋ ਸਕੇਗੀ।

3) ਸੰਸਥਾ ਦੇ ਉਦੇਸ਼ ਦੀ ਪੂਰਤੀ ਲਈ ਕਾਰਜਕਾਰਨੀ, ਇਲਾਕੇ ਜਾਂ ਦੂਰ-ਦਰਾਜ ਦੇ ਇਲਾਕਿਆ ਵਿੱਚ ਸੰਸਥਾ ਦੇ ਵਿੰਗ ਸਥਾਪਿਤ ਕਰ ਸਕਦੀ ਹੈ।

4) ਕਾਰਜਕਾਰਨੀ ਨੂੰ ਟਰਸਟ ਦੀਆਂ ਸਿਹਤ, ਸਿਖਿਆ ਜਾਂ ਹੋਰ ਸਮਾਜ ਸੇਵੀ ਇਕਾਈਆਂ ਵਿੱਚ ਸਟਾਫ ਰੱਖਣ ਦਾ ਅਤੇ ਵਿਸ਼ੇਸ਼ ਕਾਰਨਾ ਵਸ ਕਿਸੇ ਰੱਖੇ ਸਟਾਫ਼ ਨੂੰ ਫਾਰਗ ਕਰਨ ਦਾ ਹੱਕ ਹੋਵੇਗਾ।

5) ਕਾਰਜਕਾਰਨੀ ਨੂੰ ਟਰੱਸਟ ਦੇ ਉਦੇਸ਼ਾਂ ਦੇ ਹਿੱਤ ਲਈ ਕਾਨੂੰਨੀ ਲੜਾਈ ਲੜਨ ਦਾ ਹੱਕ ਹੋਵੇਗਾ। ਇਸ ਮੰਤਵ ਲਈ ਕਾਰਜਕਾਰਨੀ ਅਦਾਲਤੀ ਪ੍ਰਕ੍ਰਿਆ ਵਿੱਚ ਸਾਮਲ ਹੋਣ ਲਈ ਇੱਕ ਜਾਂ ਦੋ ਮੈਬਰਾਂ ਨੂੰ ਅਧਿਕਾਰਿਤ ਕਰ ਸਕਦੀ ਹੈ।

Swarn Singh Bhangu

Scanned with CamScanner

6) ਸੰਸਥਾ ਦੀ ਸਾਰੀ ਚੱਲ/ਅਚੱਲ ਜਾਇਦਾਦ, ਟਰਸਟ ਦੇ ਨਾਮ ਹੋਵੇਗੀ। ਟਰਸਟ ਲਈ ਖਰੀਦੀ ਜਾਣ ਵਾਲੀ ਦਾਨ/ਲੀਜ਼ ਵਾਲੀ ਜਾਇਦਾਦ ਦੇ ਕਾਗਜਾਂ ਤੇ ਸੰਸਥਾ ਦੇ ਚੇਅਰਮੈਨ ਅਤੇ ਸੈਕਟਰੀ ਨੂੰ ਦਸਤਖਤ ਕਰਨ ਦਾ ਹੱਕ ਹਾਸਿਲ ਹੋਵੇਗਾ। ਇਸੇ ਤਰਾਂ ਲਈ ਜਾਣ ਵਾਲੀ ਜਾਇਦਾਦ ਲਈ ਵੀ ਹਾਊਸ ਦੀ ਸਹਿਮਤੀ ਜਰੂਰੀ ਹੈ।

7) ਸੰਸਥਾ ਦੀ ਵੇਚੀ ਜਾਣ ਵਾਲੀ ਜਾਇਦਾਦ ਲਈ ਸੰਸਥਾ ਦੇ ਬਹੁਗਿਣਤੀ ਮੈਂਬਰਾਂ ਦੀ ਸਹਿਮਤੀ ਜਰੂਰੀ ਹੈ। ਇਸ ਲਿਖਤੀ ਸਹਿਮਤੀ ਉਪਰੰਤ, ਹਾਊਸ ਵੱਲੋਂ ਅਧਿਕਾਰਿਤ ਮੈਂਬਰ ਸਬੰਧਿਤ ਨੂੰ ਵੇਚ ਸਕਣਗੇ ਤੇ ਬਦਲੇ ਵਿੱਚ ਮਿਲੀ ਰਾਸ਼ੀ ਸੰਸਥਾ ਦੇ ਖਾਤੇ ਵਿੱਚ ਜਮਾਂ ਕਰਵਾਉਣਗੇ।

8) ਕਾਰਜਕਾਰਨੀ ਨੂੰ ਮਿਲਦੇ-ਜੁਲਦੇ ਉਦੇਸ਼ ਵਾਲੀਆਂ ਸੰਸਥਾਵਾਂ ਨਾਲ ਰਲਕੇ ਕੰਮ ਕਰਨ, ਉਨਾਂ ਦੇ ਕੰਮ ਵਿੱਚ ਸਹਾਈ ਹੋਣ ਜਾਂ ਲੋੜ ਪੈਣ ਉਤੇ ਉਹਨਾਂ ਦੀ ਮੱਦਦ ਲੈਣ ਦਾ, ਫੈਸਲਾ ਕਰਨ ਦਾ ਅਧਿਕਾਰ ਹੋਵੇਗਾ। ਕਾਰਜਕਾਰਨੀ ਅਪਣੇ ਅਧੀਨ ਚੱਲਦੇ ਅਦਾਰਿਆਂ ਨੂੰ ਉਦੇਸ਼ਾਂ ਦੀ ਪੂਰਤੀ ਲਈ ਪੰਜਾਬ ਜਾਂ ਕੇਂਦਰ ਸਰਕਾਰ ਦੇ ਸਬੰਧਿਤ ਵਿਭਾਗਾਂ ਅਤੇ ਵੱਖ ਵੱਖ ਕਾਲਜਾਂ/ਯੂਨੀਵਰਸਿਟੀਆਂ ਨਾਲ ਜੋੜਨ ਦਾ ਅਧਿਕਾਰ ਹੋਵੇਗਾ।

9) ਜੇਕਰ ਟਰਸਟ ਦੇ ਕਿਸੇ ਵੀ ਮੈਂਬਰ'ਤੇ ਕਿਸੇ ਵੀ ਸਮੇਂ ਇਖਲਾਕੀ ਕਿਸਮ ਦਾ ਦੋਸ਼ ਲੱਗਦਾ ਹੈ ਤਾਂ ਸਬੰਧਿਤ ਮੈਂਬਰ ਤੋਂ ਬਿਨਾ ਸੰਸਥਾ ਦੇ ਸਾਰੇ ਮੈਂਬਰ ਇੱਕ ਐਮਰਜੈਂਸੀ ਮੀਟਿੰਗ ਵਿੱਚ ਵਿਚਾਰ ਕਰਕੇ ਪੜਤਾਲੀਆ ਕਮੇਟੀ ਬਣਾਉਣਗੇ। ਪੜਤਾਲੀਆ ਕਮੇਟੀ ਨਿਰਧਾਰਿਤ ਦਿਨਾਂ ਵਿੱਚ ਰਿਪੋਰਟ ਦੇਵੇਗੀ , ਉਪਰੰਤ ਹਾਊਸ ਦੀ ਬਹੁਗਿਣਤੀ ਦੇ ਫੈਸਲੇ ਅਨੁਸਾਰ ਸਬੰਧਿਤ ਮੈਂਬਰ ਲਈ ਫੈਸਲਾ ਲਿਆ ਜਾਵੇਗਾ।

10) ਕਾਰਜਕਾਰਨੀ ਨੂੰ ਕਿਸੇ ਵੀ ਮੈਂਬਰ ਦੇ ਅਸਤੀਫੇ ਉਤੇ ਫੈਸਲਾ ਲੈਣ ਦਾ ਅਧਿਕਾਰ ਹੋਵੇਗਾ।

11) ਕਾਰਕਾਰਨੀ ਦੀ ਮੀਟਿੰਗ ਹਰ ਮਹੀਨੇ ਦੇ ਆਖਰੀ ਸਨੀਵਾਰ ਨੂੰ ਨਿਰਧਾਰਿਤ ਸਮੇਂ ਅਤੇ ਸਥਾਨ ਉਤੇ ਹੋਵੇਗੀ। ਲਗਾਤਰ 3 ਮੀਟਿੰਗਾਂ ਵਿੱਚ ਨਾ ਪਹੁੰਚਣ ਵਾਲੇ ਅਹੁਦੇਦਾਰਾਂ ਜਾਂ ਮੈਂਬਰਾਂ ਨੂੰ ਜਬਾਵਦੇਹ ਬਣਾਇਆ ਜਾਵੇਗਾ। ਅਤੇ ਇਹ ਸਮਝਿਆ ਜਾਵੇਗਾ ਕਿ ਸਬੰਧਿਤ ਮੈਂਬਰ ਸੰਸਥਾ ਦੇ ਕਾਰਜਾਂ ਵਿੱਚ ਦਿਲਚਸਪੀ ਨਹੀ ਲੈਂਦਾ।

Swarn Singh Bhangu

ਕੁਮਕੋਂ ਸਾਹਿਬ

Scanned with CamScanner

12) ਸੰਸਥਾ ਅਪਣੇ ਅਦਾਰਿਆਂ ਵਿੱਚ ਲੋੜੀਂਦੀ ਪ੍ਰਕਿਰਿਆ ਦੁਆਰਾ ਸਟਾਫ ਨਿਯੁਕਤ ਕਰ ਸਕਦੀ ਹੈ,ਯੋਗਤਾ ਅਨੁਸਾਰ ਸੇਵਾ- ਫਲ ਤਹਿ ਕਰ ਸਕਦੀ ਹੈ। ਮਾਣ-ਭੱਤੇ ਦੇ ਸਕਦੀ ਹੈ। ਕਿਸੇ ਵਿਸ਼ੇਸ਼ ਕਾਰਨ ਵਸ ਸੇਵਾਵਾਂ ਖਤਮ ਕਰ ਸਕਦੀ ਹੈ।

13) ਸਮੇਂ ਸਮੇਂ ਉਤੇ ਟਰਸਟ ਅਪਣੇ ਉਦੇਸ਼ ਦੀ ਪੂਰਤੀ ਲ਼ਈ ਲੋੜੀਂਦੇ ਨਿਯਮ ਤਹਿ ਕਰ ਸਕਦਾ ਹੈ।

14) ਭਵਿੱਖ ਵਿੱਚ ਜੇਕਰ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਸਰਪ੍ਰਸਤ ਸਮੇਤ ਟਰਸਟ ਦੇ 90 ਫੀਸਦੀ ਮੈਂਬਰ ਟਰਸਟ ਨੂੰ ਭੰਗ ਕਰਨ ਲਈ ਸਹਿਮਤ ਹੁੰਦੇ ਹਨ ਤਾਂ ਟਰਸਟ ਦੀ ਚੱਲ ਅਤੇ ਅਚੱਲ ਜਾਇਦਾਦ ਕਿਸੇ ਵੀ ਅਜਿਹੀ ਸਰਗਰਮ ਸੰਸਥਾ/ ਟਰਸਟ ਨੂੰ ਦਿੱਤੀ ਜਾ ਸਕਦੀ ਹੈ ਜਿਸਦੇ ਉਦੇਸ਼ ਟਰਸਟ ਨਾਲ ਮੇਲ ਖਾਂਦੇ ਹੋਣ।

ਨੋਟ:- ਟਰਸਟ ਦੀ ਮੀਟਿੰਗ ਵਿੱਚ ਵਿਦੇਸ਼ ਰਹਿੰਦੇ ਮੈਬਰਾਂ ਤੋਂ ਬਿਨਾ, ਹਾਜਰ ਮੈਂਬਰਾਂ ਦੀ ਬਹੁਸੰਮਤੀ ਉਤੇ ਅਧਾਰਿਤ ਫੈਸਲਾ ਲਾਗੂ ਹੋ ਸਕੇਗਾ।

ਵਿਸ਼ੇਸ਼ ਨੋਟ:-1) ਹੇਠ ਲਿਖੇ ਅਨੁਸਾਰ ਕਿਸੇ ਵੀ ਮੈਂਬਰ ਦੀ ਮੈਂਬਰਸ਼ਿੱਪ ਖਾਰਜ ਹੋ ਸਕਦੀ ਹੈ।

ੳ) ਕਿਸੇ ਵਿਸੇਸ ਕਾਰਨ ਵਸ ਅਸਤੀਫਾ ਦੇਣ ਉਤੇ।

ਅ) ਲਗਾਤਾਰ 3 ਮੀਟਿੰਗਾਂ ਵਿੱਚ ਗੈਰਹਾਜਰ ਰਹਿਣ ਉਤੇ।

ੲ) ਸਮਾਜ ਵਿਰੋਧੀ ਕੰਮ ਕਰਨ ਉਤੇ।

ਉਪਰੋਕਤ ਦੇ ਸਾਖਸੀ ਹੇਤੂ ਪਾਰਟੀਆਂ ਨੇ ਅੱਜ ਉਪਰੋਕਤ ਲਿਖੀ ਤਿਥੀ ਤੇ ਅਪਣੇ ਦਸਤਖਤ ਕੀਤੇ।

ਟਰਸਟ ਕਰਤਾ

Swarn Singh Bhangu

ਸਵਰਨ ਸਿੰਘ ਭੰਗੂ ਪੁੱਤਰ ਸਵ: ਸ੍ਰੀ ਪ੍ਰੀਤਮ ਸਿੰਘ

ਵਾਸੀ: ਵਾਰਡ ਨੰਬਰ 9, ਚਮਕੌਰ ਸਾਹਿਬ (ਰੂਪਨਗਰ)

ਗੁਰਮੀਤ ਕੌਰ ...

ਚਮਕੌਰ ਸਾਹਿਬ (ਰੋਪੜ